**ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ**
**ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ,ਪੰਜਾਬ,**
**ਐਸ. ਸੀ. ਓ ਨੰ. 104-106, ਸੈਕਟਰ 34 ਏ, ਚੰਡੀਗੜ੍ਹ**

ਸੇਵਾ ਵਿਖੇ

ਰਾਜ ਦੇ ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ.)

ਮੀਮੋ ਨੰ ਸਸਅ/ਐਚਆਰ/29111-130
ਮਿਤੀ ਚੰਡੀਗੜ੍ਹ 15 ਮਾਰਚ, 2010

ਵਿਸ਼ਾ ਰੈਸ਼ਨੈਲਾਈਜ਼ੇਸ਼ਨ ਪਾਲਿਸੀ ਸਬੰਧੀ

1.0 ਆਪ ਜੀ ਦਾ ਧਿਆਨ ਸਰਕਾਰ ਵੱਲੋਂ ਜਾਰੀ ਕੀਤੀ ਗਈ ਰੈਸ਼ਨੈਲਾਈਜ਼ੇਸ਼ਨ ਪਾਲਿਸੀ ਵੱਲ ਦਵਾਇਆ ਜਾਂਦਾ ਹੈ ਜਿਸ ਦੇ ਤਹਿਤ ਆਪ ਜੀ ਨੂੰ ਆਪਣੇ ਆਪਣੇ ਜ਼ਿਲ੍ਹੇ ਵਿੱਚ ਸਰਕਾਰ ਵੱਲੋਂ ਜਾਰੀ ਕੀਤੀ ਗਈ ਰੈਸ਼ਨੈਲਾਈਜ਼ੇਸ਼ਨ ਪਾਲਿਸੀ ਅਨੁਸਾਰ ਤਜਵੀਜ ਬਣਾ ਕੇ ਭੇਜਣ ਲਈ ਲਿਖਿਆ ਗਿਆ ਸੀ ।

2.0 ਇਹ ਗੱਲ ਆਪ ਜੀ ਨੂੰ ਸ਼ਾਇਦ ਪਤਾ ਹੋਵੇਗੀ ਕਿ ਭਾਰਤ ਸਰਕਾਰ ਵੱਲੋਂ ਰਾਈਟ ਆਫ ਚਿਲਡਰਨ ਟੂ ਫਰੀ ਐਂਡ ਕੰਪਲਸਰੀ ਐਜੂਕੇਸ਼ਨ ਟੇਕਟ ਨੂੰ ਮਿਤੀ 1.4.2010 ਤੋਂ ਲਾਗੂ ਕਰਨ ਲਈ ਲੋੜੀਂਦੀ ਨੋਟੀਫਿਕੇਸ਼ਨ ਜਾਰੀ ਕਰ ਦਿੱਤੀ ਗਈ ਹੈ । ਇਸ ਐਕਟ ਪ੍ਰਾਵਧਾਨਾਂ ਅਨੁਸਾਰ ਹੁਣ ਪ੍ਰਾਇਮਰੀ ਸਕੂਲਾਂ ਦੇ ਲਈ ਨਿਰਧਾਰਤ ਕੀਤੇ ਗਏ ਨਾਰਮਾਂ ਦੇ ਅਨੁਸਾਰ ਅਧਿਆਪਕ ਮੁਹੱਈਆ ਕਰਵਾਉਣੇ ਜ਼ਰੂਰੀ ਹਨ । ਇਸ ਦੇ ਮੁਤਾਬਿਕ ਪਹਿਲੇ 60 ਬੱਚਿਆਂ ਦੇ ਲਹੀ 2 ਅਧਿਆਪਕ, ਇਸ ਉਪਰੰਤ 60 ਤੋਂ 90 ਬੱਚਿਆਂ ਦੇ ਲਈ 3 ਅਧਿਛਆਪਕ, 90 ਤੋਂ 120 ਬੱਚਿਆਂ ਲਈ ਚਾਰ ਅਧਿਆਪਕ ਅਤੇ 120 ਤੋਂ 200 ਬੱਚਿਆਂ ਦੇ ਲਈ 5 ਅਧਿਆਪਕ ਦੇਣੇ ਲਾਜ਼ਮੀ ਹਨ । ਇਸ ਦੇ ਨਾਲ ਹੀ 150 ਬੱਚਿਆਂ ਦੇ ਉਪਰ ਜੇਕਰ ਸਕੂਲ ਦੀ ਗਿਣਤੀ 150 ਹੈ ਤਾਂ ਇਕ ਹੋਰ ਹੈੱਡ ਟੀਚਰ ਦੇਣਾ ਵੀ ਬੜਾ ਲਾਜ਼ਮੀ ਹੈ । ਇਸ ਸ਼ਡਿਊਲ ਦੀ ਇਕ ਕਾਪੀ ਨੱਥੀ ਕਰਕੇ ਭੇਜੀ ਜਾਂਦੀ ਹੈ । ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਰੈਸ਼ਨੈਲਾਈਜ਼ੇਸ਼ਨ ਦੀ ਤਜਵੀਜ ਨੂੰ ਇਸ ਅਨੁਸਾਰ ਬਣਾ ਕੇ ਭੇਜਿਆ ਜਾਵੇ ।

3.0 ਇਸ ਸਬੰਧ ਵਿੱਚ ਹੋਰ ਕਿਸੇ ਸ਼ੰਕਾ ਨੂੰ ਕਲੀਅਰ ਕਰਨ ਲਈ ਇਸ ਦਫਤਰ ਵਿੱਚ ਮਿਤੀ 15 ਮਾਰਚ, 2010 ਨੂੰ ਮੀਟਿਗ ਰੱਖੀ ਗਈ ਹੈ ਜਿਸ ਨੂੰ ਜ਼ਿਲ੍ਹਾ ਸਿੱਖਿਆ ਅਫਸਰ, ਉਹਨਾਂ ਦੇ ਸਬੰਧਤ ਸੁਪਰਡੰਟ ਅਤੇ ਡੀਲਿੰਗ ਸਹਾਇਕ ਅਟੈਂਡ ਕਰਨ ਦੀ ਖੇਚਲ ਕਰਨ ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ**